ੴ ਸ੍ਰੀ ਵਾਹਿਗੁਰੂ ਜੀ ਕੀ ਫਤੇਹ ॥

443-5 9-645 27669

# "ਕੋਹਨੂਰ" ਹੀਰੇ ਦਾ ਇਤਹਾਸ ॥

ਵਲੋਂ-ਸ੍ਰੀਮਾਨ ਗਯਾਨੀ ਖਜਾਨ ਸਿੰਘ ਜੀ ਲੈਕਚਰਾਰ
ਔਰਿਯੰਟਲ ਕਾਲਜ ਲਾਹੌਰ॥

ਸੰਸਾਰ ਪ੍ਰਸਿੱਧ ਉਕਤ ਹੀਰੇ ਦਾ ਇਤਹਾਸ ਨਾਲ ਵਡ੍ਹਾ ਗੂੜ੍ਹਾ ਸਬੰਧ ਹੈ, ਇਸਦੀ ਉਮਰ ਇਤਨੀ ਵੱਡੀ ਹੈ ਕਿ ਇਹ ਹਜ਼ਾਰਾਂ ਵਰਿਹਾਂ ਤੋਂ ਪ੍ਰਸਿੱਧ ਗਦੀ ਨਸ਼ੀਨਾ ਦੇ ਤਾਜਾਂ ਦੀ ਸ਼ੋਭਾ ਵਧਾਉਂਦਾ ਰਿਹਾ ਹੈ, ਇਸ ਪਰ ਕਈ ਪ੍ਰਸਿੱਧ ਲਿਖਾਰੀਆਂ ਨੇ ਅੱਡ ਅੱਡ ਕਈ ਜ਼ਬਾਨਾਂ ਵਿਚ ਲੇਖ ਲਿਖੇ ਹਨ, ਅਸੀਂ ਭੀ ਅਪਣੀ ਖੋਜ ਦਾ ਸਿੱਟਾ ਪਾਠਕਾਂ ਦੀ ਦ੍ਰਿਸ਼ਟੀ ਗੋਚਰਾ ਕਰਨਾ ਚਾਹੁੰਦੇ ਹਾਂ ਪਰ ਇਸ ਤੋਂ ਪੈਹਲਾਂ ਜਰੂਰੀ ਹੈ ਕਿ ਹੀਰੇ ਅਥਵਾ ਹੋਰ ਜਵਾਹਰਾਤ ਸੰਬੰਧੀ ਕੁਛ ਜਾਣ ਪਛਾਣ ਪਾਠਕਾਂ ਨੂੰ ਕਰਾਈਏ ॥

## ਜਵਾਹਰਾਤ ਕੀ ਹੈ

"ਹੀਰਾ" ਅਨੇਕ ਤਰਾਂ ਦੇ ਜਵਾਹਰਾਤ ਵਿਚੋਂ ਇਕ ਜਵਾਹਰ ਯਾ ਰਤਨ ਹੈ, ਜਵਾਹਰਾਤ ਦੀ ਕੀ ਤਾਰੀਫ ਹੈ ਜਾਂ ਜਵਾਹਰਾਤ ਕਿਸਨੂੰ ਆਖਦੇ ਹਨ। ਇਸ ਸੰਬੰਧੀ ਜਵਾਹਰਾਤ ਦੇ ਪਾਰਖੂ ਜਵਾਹਰੀਆ ਦਾ ਕਥਨ ਹੈ, ਕਿ ਜੇਹੜਾ ਪੱਥਰ ਚਮਕ ਦਮਕ ਰੰਗ ਅਤੇ ਸਖ਼ਤੀ ਵਿਚ ਸਭ ਤੋਂ ਚੰਗਾ ਹੋਵੇ ਉਹ ਜਵਾਹਰਾਤ ਜਾਂ ਰਤਨ ਹੈ, ਜਾਂ ਇਵੇਂ ਆਖੋ ਕਿ ਚੰਗੇ ਰੰਗ ਚਮਕ ਦਮਕ ਅਤੇ ਸਖਤੀ ਜਾਂ ਕਰੜਾਈ ਕਰਕੇ ਖਾਸ ਪੱਥਰ ਜਵਾਹਰ ਅਥਵਾ ਰਤਨ ਸੱਦੇ ਜਾਂਦੇ ਹਨ ਤੇ ਇਹ ਗੁਨ ਜਿਸ ਪੱਥਰ ਵਿਚ ਜਿੰਨੇ ਵਧੇਰੇ ਹੋਣਗੇ ਉਹ ਉਨਾਂ ਹੀ ਵਧੇਰੇ ਮੁੱਲ ਦਾ ਸਮਝਿਆ ਜਾਵੇਗਾ। ਫੇਰ ਇਨਾਂ ਗੁਣ ਦੇ ਨਾਲ ਹੀ ਪੱਥਰ ਦਾ ਆਕਾਰ, ਰੰਗ ਦੀ ਇਕ ਸਾਰਗੀ, ਦਾਗਾਂ ਤੇ ਧੱਬਿਆਂ ਦੀ ਅਣਹੋਂਦ ਇਸਦੇ ਮੁਲ ਵਿਚ ਹੋਰ ਭੀ ਵਾਧਾ ਕਰ ਦਿੰਦੀਆਂ ਹਨ, ਦੁਨੀਆਂ ਵਿਚ ਕਈ ਰਤਨ ਏਹੋ ਜੇਹੇ ਭੀ ਹਨ ਜਿਨਾਂ ਦਾ ਮੁੱਲ ਕੋਈ ਜਵਾਹਰੀ ਪਾ ਹੀ ਨਹੀਂ ਸਕਦਾ, ਜਿਸਤ੍ਰਾਂ ਸਿਖ ਇਤਹਾਸ ਵਿਚ ਲਿਖਿਆ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਮਹਾਰਾਜਨੇ ਬਿਸ਼ੰਭਰ ਨਗਰ* ਵਿਚ ਭਾਈ ਮਰਦਾਨੇ ਨੂੰ ਇਕ ਲਾਲ ਦਿਤਾ ਜਿਸਨੂੰ ਵੇਚਣ ਲਈ ਭਾਈ ਮਰਦਾਨਾ ਸਾਰਾ ਸ਼ੈਹਰ ਫਿਰ ਥੱਕਿਆ ਪਰ ਕਿਸੇ ਨੇ

---

* ਭਾਈ ਗਿਆਨ ਸਿੰਘ ਜੀ ਨੇ ਇਸ ਸ਼ੈਹਰ ਦਾ ਨਾਮ ਪਟਨਾ ਲਿਖਿਆ ਹੈ ॥

ਉਸਦਾ ਮੁੱਲ ਨਾ ਪਾਇਆ ਅੰਤ ਜਦ ਸਾਲਸ ਰਾਏ ਜੌਹਰੀ ਪਾਸ ਗਿਆ ਤਾਂ ਉਸਨੇ ਕਿਹਾ ਭਾਈ ਇਹ ਚੀਜ਼ਾਂ ਮੁੱਲ ਵਿਕਣ ਵਾਲੀਆਂ ਨਹੀਂ ਤੇ ਨਾਹੀ ਇਸਦਾ ਕੋਈ ਮੁਲ ਪਾ ਅਤੇ ਦੇ ਸਕਦਾ ਹੈ, ਇਸਦੀ ਤਾਂ ਦਰਸ਼ਨ ਭੇਟ ਹੀ ੧੦੧) ਹੈ, ਇਹ ਗਲ ਆਖਕੇ ੧੦੧) ਉਸਨੇ ਮ੍ਰਦਾਨੇ ਦੇ ਅਗੇ ਰਖਿਆ, ਇਸਤੋਂ ਸਿਧ ਹੁੰਦਾ ਹੈ ਕਿ ਰਤਨਾਂ ਵਿਚ ਇਹੋ ਜੇਹੇ ਅਮੁੱਲ ਰਤਨ ਭੀ ਹਨ ਜਿਨ੍ਹਾਂ ਦੀ ਕੀਮਤ ਲੱਖਾਂ ਕਰੋੜਾਂ ਜਾਂ ਅਰਬਾਂ ਤਕ ਭੀ ਨਹੀਂ ਪੈ ਸਕਦੀ ਜਾਂ ਇਹ ਕਹੋ ਕਿ ਉਸਦਾ ਮੁੱਲ ਕੋਈ ਪਾ ਹੀ ਨਹੀਂ ਸਕਦਾ ॥

## ਜਵਾਹਰਾਤ ਕਿੰਨੇ ਕਿਸਮ ਦੇ ਹਨ

ਜਵਾਹਰਾਤ ਜਾਂ ਰਤਨ ਤਿੰਨ ਕਿਸਮ ਦੇ ਹਨ ਪੈਹਲੀ ਕਿਸਮ ਦਾ ਨਾਮ ਨੌ ਰਤਨ ਹੈ, ਜੋ ਗਿਣਤੀ ਵਿਚ ਵੀ ਨੌ ਹੀ ਹੁੰਦੇ ਹਨ, ਦੂਜੀ ਕਿਸਮ ਦੇ ਰਤਨਾਂ ਨੂੰ ਉਪ ਰਤਨ ਕਿਹਾ ਜਾਂਦਾ ਹੈ, ਇਨਾ ਦੀ ਗਿਣਤੀ ਸੰਸਕ੍ਰਿਤਦੇ ਪੁਸਤਕਾਂ ਵਿਚ ਚੌਦਾ ਲਿਖੀ ਹੈ, ਇਸਨੂੰ ਉਪ ਰਤਨ ਆਖਦੇ ਹਨ ॥

**ਤੀਜੀ ਕਿਸਮ**—ਵਿਚ ਉਹ ਪਥਰ ਗਿਣੇ ਜਾਂਦੇ ਹਨ, ਜਿਨਾਂ ਦੇ ਔਜ਼ਾਰ ਆਦ ਬਣਾਏ ਜਾਂਦੇ ਹਨ, ਇਹ ਤਿਨਾਂ ਹਿਸਿਆਂ ਵਿਚ ਵੰਡੇ ਗਏ ਹਨ, ਪੈਹਲੇ ਉਹ ਜਿਨ੍ਹਾਂ ਦਾ ਪਤਾ ਅੰਗ੍ਰੇਜ਼ੀ ਕਤਾਬਾਂ ਤੋਂ ਲਗਦਾ ਹੈ, ਦੂਜੇ ਉਹ ਜੋ ਫਾਰਸੀ ਕਤਾਬਾਂ ਤੋਂ ਮਾਲੂਮ ਹੋਏ ਹਨ, ਤੇ ਤੀਜੇ ਉਹ ਜਿਨ੍ਹਾਂ ਦਾ ਹਾਲ ਜਵਾਹਰੀਆਂ ਤੋਂ ਮਲੂਮ ਹੋਇਆ ਹੈ ਇਹ ਗਿਣਤੀ ਵਿਚ ੯੦ ਹਨ। ਸਾਡੇ ਦੇਸ ਦੇ ਜਵਾਹਰੀ ੮੪ ਕਿਸਮ ਦੇ ਪਥਰਾਂ ਨੂੰ ਜਵਾਹਰਾਤ ਆਖਦੇ ਹਨ ਜੋ ਉਪਰ ਦਿਤੇ ਤਿੰਨਾ ਹਿਸਿਆਂ ਵਿਚ ਵੰਡੇ ਗਏ ਹਨ ॥

ਪੈਹਲੀ ਕਿਸਮ ਦੇ ਜਵਾਰਾਤ ( ਨੌ ਰਤਨ ) ਸਭ ਤੋਂ ਵਧ ਕੀਮਤੀ ਗਿਣੇ ਗਏ ਹਨ, ਤੇ ਦੂਜੀ ਕਿਸਮ ਦੇ ( ਉਪਰਤਨ ) ਉਸਤੋਂ ਘਟ ਤੀਜੀ ਕਿਸਮ ਦੇ ਸਾਰਿਆਂ ਤੋਂ ਥੋੜਾ ਮੁੱਲ ਪਾਉਂਦੇ ਹਨ ।:

## ਨੌਰਤਨ

ਰਤਨਾਂ ਅਥਵਾ ਜਵਾਹਰਾਤ ਦੀਆਂ ਸਾਰੀਆਂ ਕਿਸਮਾ ਅਰ ਸ੍ਰੇਣੀਆਂ ਤੋਂ ਉਨ੍ਹਾਂ ਦੇ ਨਾਮ ਪਛਾਣ ਆਦ ਲੇਖ ਦੇ ਲੰਬੇ ਹੋਣ ਦੇ ਭੈ ਤੋਂ ਨਹੀਂ ਲਿਖਦੇ, ਨਾਲੇ ਅਸੀਂ "ਕੋਹਨੂਰ" ਹੀਰੇ ਦਾ ਇਤਹਾਸ ਲਿਖਣਾ ਹੈ ਤੇ ਉਹ ਪੈਹਲੀ ਸ੍ਰੇਣੀ ਅਰਥਾਤ ਨੌ ਰਤਨਾਂ ਵਿਚੋਂ ਹੈ, ਇਸ ਲਈ ਇਸ ਸੰਬੰਧੀ ਥੋੜਾ ਵਰਨਨ ਕਰਦੇ ਹਾਂ ॥

ਰਤਨਾਂ ਦੀ ਪੈਹਲੀ ਜਾਂ ਮੁੱਖ ਸ੍ਰੇਣੀ ਨੌਰਤਨ ਹੈ ਜੋ ਗਿਣਤੀ ਵਿਚ ਭੀ ਨੌ ਹੀ ਹਨ, ਵਖੋ ਵਖਰੀਆਂ ਬੋਲੀਆਂ ਵਿਚ ਇਨਾਂ ਦੇ ਨਾਮ ਭੀ ਵੱਖੋ ਵੱਖਰੇ ਹਨ, ਪਰ ਪੰਜਾਬੀ ਵਿਚ ਇਨਾਂ ਦੇ ਨੌ ਨਾਮ ਇਹ ਹਨ ॥

੧. ਹੀਰਾ ੨. ਲਾਲ ੩. ਨੀਲਮ ੪. ਪੰਨਾ ੫. ਪੁਖਰਾਜ ੬. ਮੋਤੀ ੭. ਮੂੰਗਾ ੮. ਲਸਨੀਆ ੯. ਗੋਮੇਧ ॥

ਇਨਾਂ ਨੌ ਰਤਨਾ ਵਿਚੋਂ ਹੀਰਾ ਸਭ ਦਾ ਮੁਖੀ ਅਥਵਾ ਸ੍ਰਦਾਰ ਹੈ ਹੀਰਾ ਸਭ ਰਤਨਾਂ ਨੂੰ ਕੱਟ ਸਕਦਾ ਹੈ ਤੇ ਹੀਰੇ ਨੂੰ ਕੋਈ ਰਤਨ ਨਹੀਂ ਕੱਟ ਸਕਦਾ।

## ਹੀਰਾ ਕਿਥੋਂ ਨਿਕਲਦਾ ਹੈ

ਸਭ ਰਤਨ ਖਾਣਾਂ ਵਿਚੋਂ ਨਿਕਲਦੇ ਹਨ ਤੇ ਵੱਖੋ ਵੱਖਰੇ ਰਤਨ ਵੱਖਰੇ ਵੱਖਰੇ ਦੇਸਾਂ ਦੀਆਂ ਖਾਨਾਂ ਵਿਚੋਂ ਪ੍ਰਾਪਤ ਹੁੰਦੇ ਹਨ, ਕਈ ਵਾਰੀ ਇਹ ਰਤਨ ਅਪਣੀ ਅਸਲੀ ਪੈਦਾਇਸ਼ ਦੀ ਥਾਂ ਤੋਂ ਸੈਂਕੜੇ ਹਜ਼ਾਰਾਂ ਕੋਹ ਅਗੇ ਜਾਂ ਮਿਲ ਦੇ ਹਨ, ਉਹ ਇਸਤਰਾਂ ਕਿ ਜਿਸ ਪਹਾੜ ਵਿਚ ਕੋਈ ਰਤਨ ਪੈਦਾ ਹੋਇਆ ਉਸਾਦੇ ਪਾਸਦੀ ਜੋਰ ਨਾਲ ਪਾਣੀ ਲੰਘਿਆ ਤੇ ਉਸਦੀ ਥਾਂ ਤੋਂ ਉਸਨੂੰ ਰੋੜ੍ਹ ਲਿਆਉਂਦ ਹੈ ਤੇ ਕਈ ਵਾਰੀ ਦਰਆਵਾਂ ਦੇ ਰਾਹੀਂ ਮੈਦਾਨਾਂ ਵਿਚ ਲਿਆ ਸੁੱਟਦਾ ਹੈ ਤੇ ਕਈ ਵਾਰੀ ਸਮੁੰਦ੍ਰ ਵਿਚ ਜਾ ਧੱਕਾ ਦਿੰਦਾ ਹੈ ਇਸ ਲਈ ਕਈ ਰਤਨ ਅਡ ਅਡ ਥਾਵਾਂ ਤੋਂ ਪ੍ਰਾਪਤ ਹੁੰਦੇ ਹੈਨ, ਅਕਸਰ ਕਰਕੇ ਹਿੰਦੋਸਤਾਨ, ਸਰਾਂਦੀਪ ਬਰਾਜ਼ੀਲ, ਆਸਟਰੇਲੀਆ, ਕੈਲੋਫੋਰਨੀਆ, ਕੋਹਫੂਗਲ, ਸਾਇਬੇਰੀਆ, ਅਤੇ ਜਨੂਬੀ ਅਫਰੀਕਾ ਆਦ ਦੇਸਾਂ ਵਿਚੋਂ ਪ੍ਰਾਪਤ ਹੁੰਦੇ ਹਨ ॥

## ਹੀਰੇ ਦਾ ਗੁਣ ਅਤੇ ਰੰਗ

ਹੀਰਾ ਸਭ ਰਤਨਾ ਦਾ ਮੁਖੀ ਅਥਵਾ ਸ੍ਰਦਾਰ ਮੰਨਿਆ ਗਿਆ ਹੈ, ਹੀਰਾ ਇਤਨਾ ਸਖਤ ਹੁੰਦਾ ਹੈ ਕਿ ਉਹ ਸਭ ਰਤਨਾਂ ਨੂੰ ਕੱਟ ਦਿੰਦਾ ਹੈ, ਅਤੇ ਉਸਨੂੰ ਕੋਈ ਰਤਨ ਨਹੀਂ ਕੱਟ ਸਕਦਾ, ਹੀਰੇ ਦੀ ਸਭ ਤੋਂ ਵਡੀ ਪੈਹਚਾਨ ਹੀ ਇਹੋ ਹੈ ਕਿ ਜੋ ਸਭ ਰਤਨਾਂ ਅਥਵਾ ਲਾਲ ਨੂੰ ਭੀ ਕੱਟ ਦੇਵੇ ਉਹ ਹੀਰਾ ਹੈ।

ਹੀਰੇ ਦਾ ਰੰਗ, ਚਮਕ ਸਹੁਪਣ ਸਭ ਤੋਂ ਵਧ ਚੜ੍ਹਕੇ ਹੁੰਦਾ ਹੈ, ਹੀਰੇ ਵਿਚੋਂ ਬਿਜਲੀ ਭੀ ਪੈਦਾ ਹੁੰਦੀ ਹੈ ਤੁਸੀ ਉਸਨੂੰ ਜੋਰਨਾਲ ਕਪੜੇ ਪਰ ਰਗੜੋ ਤਾਂ ਉਸ ਵਿਚ ਗਰਮੀ ਪੈਦਾ ਹੁੰਦੀ ਹੈ ਜੋ ਅਧੇ ਘੰਟੇ ਤਕ ਰਹਿੰਦੀ ਹੈ ॥

ਹੀਰੇ ਦੇ ਰੰਗ ਕਈ ਹੁੰਦੇ ਹਨ ਜਿਸਤ੍ਰਾਂ, ਸਫੈਦ, ਗੁਲਾਬੀ, ਜ਼ਰਦ,

ਸੁਰਖ, ਨੀਲਾ, ਸਬਜ਼, ਸੁਨੈਹਰੀ, ਭੂਰਾ ਆਦ। ਪਰ ਮੁੱਲ ਵਿਚ ਨੀਲਾ ਪੈਹਲੇ, ਲਾਲ ਦੂਜੇ, ਹਰਾ ਤੀਜੇ ਤੇ ਸਫੈਦ ਚੌਥੇ ਦਰਜੇ ਤੇ ਹੁੰਦਾ ਹੈ। ਹੀਰੇ ਵਿਚ ਦੂਰਬੀਨੀ ਦੀ ਤਾਕਤ ਵਧੀਕ ਹੈ ਇਸੇ ਕਾਰਨ ਕਈ ਲੋਗ ਇਸਨੂੰ ਦੂਰਬੀਨ ਵਿਚ ਲਗਾਉਂਦੇ ਹਨ ਪਰ ਇਸਦਾ ਕੱਟਨਾ ਬੜਾ ਕਠਨ ਹੋਣ ਕਰਕੇ ਇਹ ਰਿਵਾਜ ਆਮ ਨਹੀਂ। ਹੀਰੇ ਦੀ ਚਮਕ ਵਿਚ ਕਈ ਰੰਗ ਹੁੰਦੇ ਹਨ।

## ਹੀਰੇ ਸੰਬੰਧੀ ਗਲਤ ਗੱਲਾਂ

ਹੀਰੇ ਦੇ ਸੰਬੰਧ ਵਿਚ ਕਈ ਗਲਤ ਗੱਲਾਂ ਪ੍ਰਸਿੱਧ ਹਨ, ਇਕ ਤਾਂ ਇਹ ਗਲ ਆਮ ਹੈ ਕਿ ਹੀਰੇ ਦੇ ਚੱਟਨ ਨਾਲ ਆਦਮੀ ਮਰ ਜਾਂਦਾ ਹੈ ਇਹ ਗਲ ਐਵੇਂ ਜ਼ਬਾਨੋ ਜ਼ਬਾਨੀ ਹੀ ਨਹੀਂ ਕਹੀ ਜਾਂਦੀ ਬਲਕੇ ਕਈ ਕਵੀਆਂ ਨੇ ਕਵਿਤਾ, ਅਤੇ ਕਈ ਲਿਖਾਰੀਆਂ ਨੇ ਲਿਖਤਾਂ ਵਿਚ ਲਿਖ ਦਿਤਾ ਕਿ ਅਮਕਾਆਦਮੀ ਜਾਂ ਇਸਤ੍ਰੀ ਹੀਰਾ ਚੱਟਕੇ ਮਰ ਗਈ, ਇਥੇ ਹੀ ਬਸ ਨਹੀਂ ਬਲਕੇ ਅਸੀਂ ਇਕ ਸੈਨਮਾ ਦੇ ਵਿਚ ਭੀ ਦੇਖਿਆ ਕਿ ਇਕ ਇਸਤ੍ਰੀ ਨੂੰ ਅਪਣੇ ਹੱਥ ਵਿਚ ਪਈ ਹੋਈ ਮੁੰਦਰੀ ਦੇ ਹੀਰੇ ਨੂੰ ਚੱਟਕੇ ਮਰ ਗਈ ਦਿਖਲਾਇਆ ਗਿਆ ਹੈ, ਪਰ ਜਦ ਅਸੀਂ ਇਕ ਅਪਣੇ ਜਵਾਹਰੀ ਮਿਤ੍ਰ ਤੋਂ ਇਸ ਗਲ ਦੀ ਤਸਦੀਕ ਕੀਤੀ ਤਾਂ ਬਿਲਕੁਲ ਝੂਠ ਨਿਕਲਿਆ ਕਿਉਂਕਿ ਸਾਡੇ ਸਾਹਮਣੇ ਉਸਨੇ ਅਪਣੇਹੱਥਵਾਲੀ ਮੁੰਦਰੀ ਦੇ ਨਗ (ਹੀਰੇ) ਨੂੰ ਕਈ ਵਾਰੀ ਚੱਟਿਆ ਤੇ ਇਕ ਹੋਰ ਕੀਮਤੀ ਹੀਰੇ ਨੂੰ ਕਿੰਨਾ ਚਿਰ ਮੂੰਹ ਵਿਚ ਪਾ ਰਖਿਆ। ਹਾਂ ਇਹ ਠੀਕ ਹੈ ਕਿ ਕਿਸੇ ਆਦਮੀ ਨੇ ਹੀਰਾ ਨਿਗਲ ਲਿਆ ਹੋਵੇ ਤਾਂ ਅੰਦਰ ਜਾਕੇ ਉਸਦੀ ਆਂਦਰਾਂ ਨੂੰ ਜ਼ਖਮੀ ਕਰ ਦਿਤਾ ਹੋਵੇ, ਕਿਉਂਕਿ ਹੀਰਾ ਬੜਾ ਸਖਤ ਹੁੰਦਾ ਹੈ ਤੇ ਗਲਦਾ ਨਹੀਂ॥

ਦੂਜੇ ਇਹ ਗਲ ਮਸ਼ਹੂਰ ਹੈ ਕਿ ਹੀਰੇ ਨੂੰ ਐਹਰਨ ਪਰ ਰਖਕੇ ਹਥੌੜਾ ਮਾਰੇ ਤਾਂ ਹੀਰਾ ਐਹਰਨ ਅਹਬਾੜ ਲੋਹੇ ਵਿਚ ਖੁੱਭ ਜਾਂਦਾ ਹੈ, ਇਹ ਭੀ ਗਲ ਗਲਤ ਹੈ ਅਸਾਂ ਅਪਣੇ ਸਾਹਮਣੇ ਤਜਰਬਾ ਕੀਤਾ ਹੈ, ਹਾਂ ਇਹਠੀਕ ਹੈ ਕਿ ਤੁਸੀ ਐਹਰਨ ਪਰ ਹੀਰਾ ਰਖਕੇ ਹਥੌੜਾ ਮਾਰੋ ਤਾਂ ਉਹ ਸਖਤੀ ਦੇ ਕਾਰਨ ਟੁੱਟੇ ਗਾ ਨਹੀਂ ਐਧਰ ਔਧਰ ਡਿਗ ਪਵੇਗਾ।

ਤੀਜੀ ਗਲ ਇਹ ਮਸ਼ਹੂਰ ਹੀ ਕਿ ਹੀਰਾ ਸੜਦਾ ਨਹੀਂ ਇਸ ਗਲਦੇ ਤਜਰਬੇ ਨੇ ਤਾਂ ਕਈਆਂ ਆਦਮੀਆਂ ਦਾ ਬੜਾ ਨੁਕਸਾਨ ਕੀਤਾ, ਸਰ ਜਾਨ ਲਿਸਲੀ ( sir fohn leslie )ਨੇ ਅਪਣੀ ਸਾਂਇੰਸਦੀ ਵਿਚਾਰ ਦ੍ਵਾਰਾ ਸਾਬਤ ਕਰ ਦਿਤਾ ਕਿ ਹੀਰਾ ਜਲ ਸਕਦਾ ਹੈ ਪਰ ਇਕ ਆਦਮੀ ਬਇਲ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.